BRITISH COLUMBIA

# ਤੱਥ ਸ਼ੀਟ

For Immediate Release
NEWS-09991
Dec. 16, 2015

Ministry of Transportation and Infrastructure

## ਜੌਰਜ ਮੈਸੀ ਟਨਲ ਰਿਪਲੇਸਮੈਂਟ ਪ੍ਰੌਜੈਕਟ ‘ਤੇ ਸੰਖੇਪ ਝਾਤ

ਜੌਰਜ ਮੈਸੀ ਟਨਲ ਰਿਪਲੇਸਮੈਂਟ ਪ੍ਰੌਜੈਕਟ ‘ਚ ਸ਼ਾਮਲ ਹਨ 10 ਲੇਨਾਂ (8 ਲੇਨਾਂ ਜਮਾਂ 2 ਟ੍ਰਾਂਜ਼ਿਟ/ਐਚ. ਓ. ਵੀ. ਨੂੰ ਸਮਰਪਿਤ ਲੇਨਾਂ) ਵਾਲੇ ਇਕ ਨਵੇਂ ਪੁਲ ਦੀ ਉਸਾਰੀ ਰਿਚਮੰਡ ਬ੍ਰਿਜਪੋਰਟ ਰੋਡ ਐਂਡ ਡੈਲਟਾ ‘ਚ  ਹਾਈਵੇਅ 91 ਦੇ ਦਰਮਿਆਨ ਹਾਈਵੇਅ 99 ਦਾ ਸੁਧਾਰ ਅਤੇ ਤਿੰਨ ਨਵੇਂ ਹਾਈਵੇਅ ਇੰਟਰਚੇਂਜ ਪ੍ਰਾਜੈਕਟ ਦੇ ਮੂਲ ਤੱਤ ਹੇਠਾਂ ਦੱਸੇ ਗਏ ਹਨ।

### ਵਾਤਾਵਰਣਿਕ ਸੁਧਾਰ ‘ਚ ਵਾਧਾ ਅਤੇ ਮੁੜ ਬਹਾਲੀ

ਪ੍ਰੌਜੈਕਟ ਬੀਤੇ ਸਮੇਂ ‘ਚ ਹੋਈ ਡਿਵੈਲਪਮੈਂਟ ਦੇ ਪ੍ਰਭਾਵਾਂ ਨੂੰ ਠੀਕ ਕਰਨ ਅਤੇ ਵਾਤਾਵਰਣ ਨੂੰ ਪ੍ਰੌਜੈਕਟ ਯੋਜਨਾਂਬੰਦੀ ਦਾ ਇਕ ਅੰਗ ਬਣਾਉਣ ਦੁਆਰਾ ਨਵੇਂ ਪ੍ਰਭਾਵਾਂ ਨੂੰ ਟਾਲਣ ਦਾ ਇਕ ਮੌਕਾ ਪ੍ਰਦਾਨ ਕਰਦਾ ਹੈ। ਮੂਲ ਵਿਸ਼ੇਸ਼ਤਾਵਾਂ ਜਿਹੜੀਆਂ ਪ੍ਰੌਜੈਕਟ ਦੇ ਡਿਜ਼ਾਇਨ ‘ਚ ਸ਼ਾਮਲ ਕੀਤੀਆਂ ਗਈਆਂ ਹਨ, ਉਨ੍ਹਾਂ ‘ਚ ਸ਼ਾਮਲ ਹਨ:

- ਗਰੀਨ ਸਲੋਅ ਦੀ ਇਸ ਦੇ ਅਸਲ ਰੂਪ ‘ਚ ਮੁੜ ਬਹਾਲੀ।
- ਸੜਕੀ ਪਾਣੀ ਨੂੰ ਇਕੱਠਾ ਕਰਨ ਅਤੇ ਸਾਫ ਕਰਨ ਲਈ ਪੁਲ ਦੇ ਦੋਹੀਂ ਪਾਸੀਂ ਬਾਇਓ-ਫਿਲਟਰੇਸ਼ਨ ਤਲਾਅ ਬਣਾਉਣੇ।
- ਅਹਿੱਲ ਸਟਾਰਟ ਗੱਡੀਆਂ ’ਚੋਂ ਨਿਕਲਣ ਵਾਲੀਆਂ ਗਰੀਨਹਾਊਸ ਗੈਸਾਂ ਨੂੰ ਘਟਾਉਣ ਦੁਆਰਾ ਖੇਤਰੀ ਹਵਾ ਦੀ ਕੁਆਲਿਟੀ ‘ਚ ਸੁਧਾਰ ਲਿਆਉਣਾ।
- ਸੁਰੰਗ ਦੀਆਂ ਹਵਾਦਾਰੀ ਵਾਲੀਆਂ ਸ਼ਾਫਟਾਂ ਨੂੰ ਬੰਦ ਕਰਨ ਦੁਆਰਾ ਸਥਾਨਕ ਹਵਾ ਦੀ ਕੁਆਲਿਟੀ ‘ਚ ਸੁਧਾਰ ਲਿਆਉਣਾ।
- ਸੁਰੰਗ ਹਟਾਉਣ ਮਗਰੋਂ ਫਰੇਜ਼ਰ ਦਰਿਆ ਦੇ ਥੱਲੇ ਦੀ ਮੁੜ-ਬਹਾਲੀ।
- ਹਾਈਵੇਅ ਦੇ ਨਾਲ ਮੂਲ ਸਥਾਨਾਂ ‘ਤੇ ਸ਼ੋਰ ਰੋਕਣ ਵਾਲੀਆਂ ਕੰਧਾਂ ਬਣਾਉਣਾ।
- ਸੜਕ ਵਾਸਤੇ ਜ਼ਮੀਨ ਦੀ ਜ਼ਰੂਰਤ ਨੂੰ ਘੱਟ ਤੋਂ ਘੱਟ ਰੱਖਣ ਦੁਆਰਾ ਐਗਰੀਕਲਚਰ ਲੈਂਡ ਰਿਜ਼ਰਵ ‘ਤੇ ਜ਼ੀਰੋ ਪ੍ਰਭਾਵ ਅਤੇ ਵਧੇਰੇ ਨਿਪੁੰਨ ਇੰਟਰਚੇਂਜ ਬਣਾਉਣ ਦੁਆਰਾ ਬਚਣ ਵਾਲੀ ਵਾਧੂ ਜ਼ਮੀਨ ਖੇਤੀਬਾੜੀ ਵਰਤੋਂ ਲਈ ਵਾਪਸ ਕਰਨਾਂ।

### ਵਿਸ਼ਵ ਪੱਧਰ ਦੀ ਟ੍ਰਾਂਜ਼ਿਟ ਵਾਸਤੇ ਵਚਨਬਧਤਾ

ਹਾਈਵੇਅ 99 ਪਹਿਲਾਂ ਹੀ ਇਕ ਪ੍ਰਮੁੱਖ ਟ੍ਰਾਂਜ਼ਿਟ ਰੂਟ ਹੈ ਜਿਸ ‘ਤੇ ਭਾਰੀ ਆਵਾਜਾਈ ਦੇ ਸਮੇਂ ਦੌਰਾਨ ਸੁਰੰਗ ਵਿਚੋਂ ਦੀ ਔਸਤਾਨ ਇਕ ਬੱਸ ਹਰ ਤਿੰਨ ਮਿੰਟਾਂ ਬਾਦ ਲੰਘਦੀ ਹੈ ਅਤੇ 10,000 ਤੋਂ ਵਧੇਰੇ ਟ੍ਰਾਂਜ਼ਿਟ ਸਵਾਰੀਆਂ ਰੋਜ਼ਾਨਾਂ ਗੁਜ਼ਰਦੀਆਂ ਹਨ, ਜੋ ਕਿ ਫਰੇਜ਼ਰ ਦਰਿਆ ਤੋਂ ਲੰਘਣ ਵਾਲੇ ਕਿਸੇ ਵੀ ਹੋਰ ਸੜਕੀ ਲਾਂਘੇ ਨਾਲੋਂ ਵੱਧ ਟ੍ਰਾਂਜ਼ਿਟ ਦੀ ਵਰਤੋਂ ਹੈ। ਪ੍ਰੌਜੈਕਟ ਦੇ ਇਕ ਅੰਗ ਵਜੋਂ ਟ੍ਰਾਂਜ਼ਿਟ ਸੁਧਾਰਾਂ ‘ਚ ਸ਼ਾਮਲ ਹੈ:

- ਹਾਈਵੇਅ ਦੇ ਵਿਚਕਾਰ ਡੈਲਟਾ ‘ਚ ਹਾਈਵੇਅ 91 ਤੋਂ ਲੈ ਕੇ ਰਿਚਮੰਡ ‘ਚ ਬ੍ਰਿੱਜਪੋਰਟ ਰੋਡ ਤੱਕ ਟ੍ਰਾਂਜ਼ਿਟ ਨੂੰ ਸਮਰਪਿਤ 50 ਕਿਲੋਮੀਟਰ ਲੰਮੀ ਨਵੀਂ ਲੇਨ ਬਣਾਉਣਾ
- ਪੈਦਲ ਤੁਰਨ ਵਾਲਿਆਂ ਅਤੇ ਸਾਈਕਲ ਸਵਾਰਾਂ ਲਈ ਰਸਤਿਆਂ ਸਮੇਤ ਟ੍ਰਾਂਜ਼ਿਟ ਸਟਾਪ ਸਟੀਵਸਟਨ ਹਾਈਵੇਅ ਅਤੇ ਹਾਈਵੇਅ 17 ਏ ਇੰਟਰਚੇਂਜਾਂ ਵਿਚ ਬਣਾਉਣੇ।

ਕੈਨੇਡਾ ਲਾਈਨ ‘ਤੇ ਬ੍ਰਿੱਜਪੋਰਟ ਸਟੇਸ਼ਨ ਨੂੰ ਜਾਣ ਵਾਲੀਆਂ ਬੱਸਾਂ ਲਈ ਸੁਰੱਖਿਅਤ ਅਤੇ ਭਰੋਸੇਯੋਗ ਪਹੁੰਚ ਪ੍ਰਦਾਨ ਕਰਨ ਲਈ ਹਾਈਵੇਅ 99 ਤੋਂ ਬ੍ਰਿੱਜਪੋਰਟ ਰੋਡ ਤੱਕ ਟ੍ਰਾਂਜ਼ਿਟ ਲਈ ਸਮਰਪਿਤ ਰੈਂਪ ਬਣਾਉਣਾ।
ਨਵੇਂ ਪੁਲ ‘ਤੇ ਭਵਿੱਖ ਦੀ ਰੈਪਿਡ ਟ੍ਰਾਂਜ਼ਿਟ ਲਈ ਥਾਂ ਛੱਡਣਾ।

### ਸੁਧਰੀ ਹੋਈ ਸੁਰੱਖਿਆ ਅਤੇ ਮੁੜ-ਬਹਾਲੀ

ਡਰਾਈਵਰਾਂ ਦੀ ਅਤੇ ਹਾਈਵੇਅ 99 ਦੇ ਨਾਲ ਲੱਗਦੀਆਂ ਕਮਿਊਨਿਟੀਆਂ ਦੀ ਸੁਰੱਖਿਆ ਵਧਾਉਣ ਲਈ ਹਾਈਵੇਅ 99 ਨੂੰ ਆਧੁਨਿਕ ਇੰਜੀਨੀਅਰਿੰਗ ਮਿਆਰਾਂ ਤੱਕ ਅੱਪਗਰੇਡ ਕੀਤਾ ਜਾਵੇਗਾ। ਸੁਧਾਰਾਂ ‘ਚ ਸ਼ਾਮਲ ਹੈ:

ਵਿਚ ਪੈਣ ਵਾਲੀਆਂ ਲੰਮੇਰੀਆਂ ਲੇਨਾਂ, ਵਧੇਰੇ ਚੌੜੀਆਂ ਆਵਾਜਾਈ ਲੇਨਾਂ, ਸੁਧਰੇ ਰੂਪ ‘ਚ ਦਿਸਦੀਆਂ ਲਾਈਨਾਂ ਅਤੇ ਪੁਲਾਂ ਥੱਲਿਉਂ ਲੰਘਣ ਲਈ ਵਧੇਰੇ ਲੰਬਕਾਰੀ ਉਚਾਈ ਵਾਲੇ ਲਾਂਘੇ।
ਆਧੁਨਿਕ ਭੂਚਾਲੀ ਮਿਆਰਾਂ ਅਨੁਸਾਰ ਉਸਰਿਆ ਨਵਾਂ ਪੁਲ ਜਿਹੜਾ ਭੂਚਾਲੀ ਹਿਸਾਬ ਨਾਲ ਕਮਜ਼ੋਰ ਸੁਰੰਗ ਦੀ ਥਾਂ ਲੈ ਕੇ ਫੇਰਜ਼ਰ ਦਰਿਆ ਦੇ ਆਰ ਪਾਰ ਜੀਵਨ-ਰੇਖਾ ਵਰਗਾ ਕੁਨੈਕਸ਼ਨ ਪ੍ਰਦਾਨ ਕਰੇਗਾ।
ਬ੍ਰਿੱਜਪੋਰਟ ਰੋਡ ਅਤੇ ਡੈਲਟਾ/ਸਰੀ ‘ਚ ਹਾਈਵੇਅ 91 ਦਰਮਿਆਨ ਹਾਈਵੇਅ 99 ਉਪਰਲੇ ਸਾਰੇ ਪੁਲਾਂ ਦੀ ਭੂਚਾਲੀ ਕਾਰਗੁਜ਼ਾਰੀ ਨੂੰ ਅੱਪਗਰੇਡ ਕਰਨਾਂ, ਇਹ ਸਾਰੇ ਪੁਲ, ਕੈਂਬੀਰੋਡ ਅਤੇ ਹਾਈਵੇਅ 91, ਹਾਈਵੇਅ 17 ਵਾਲੇ ਪੁਲਾਂ ਨੂੰ ਛੱਡ ਕੇ, ਜਿਹੜੇ ਚੰਗੀ ਹਾਲਤ ‘ਚ ਹਨ, ਤਬਦੀਲ ਕੀਤੇ ਜਾਣਗੇ।
ਪ੍ਰੋਜੈਕਟ ਦੀਆਂ ਹੱਦਾਂ ਦੇ ਅੰਦਰ ਰਹਿ ਕੇ ਮੌਜੂਦਾ ਬੰਨ੍ਹਾਂ ਨੂੰ ਚੰਗੇਰੇ ਬਣਾਉਣ ਦੁਆਰਾ ਰਿਚਮੰਡ ਅਤੇ ਡੈਲਟਾ ‘ਚ ਹੜ੍ਹ ਉਪਰੰਤ ਮੁੜ-ਬਹਾਲੀ ‘ਚ ਸੁਧਾਰ ਲਿਆਉਣਾ।
ਪੁਲਾਂ ਨੂੰ ਉੱਚੇ ਚੁੱਕਣਾ ਤਾਂ ਕਿ ਵਾਤਾਵਰਣਿਕ ਤਬਦੀਲੀਆਂ ਕਾਰਨ ਉੱਪਰ ਉੱਠ ਰਹੇ ਸਮੁੰਦਰੀ ਲੈਵਲ ਨਾਲ ਨਿਪਟ ਸਕਣ।

### ਆਵਾਜਾਈ ਦੇ ਚੱਲਣ ‘ਚ ਸੁਧਾਰ

ਇਹ ਪ੍ਰੋਜੈਕਟ ਇਕ ਨਵੇਂ ਪੁਲ ਨਾਲੋਂ ਵੱਧ ਹੈ। ਇਸ ਵਿਚ ਉਹ ਸੁਧਾਰ ਵੀ ਸ਼ਾਮਲ ਹਨ ਜਿਹੜੇ ਸਥਾਨਕ ਅਤੇ ਖੇਤਰੀ ਵੱਸੋਂ ਅਤੇ ਕੰਮਾਂ ਕਾਰਾਂ ‘ਚ ਵਾਧੇ ਦੀਆਂ ਯੋਜਨਾਵਾਂ ‘ਤੇ ਆਧਾਰਿਤ ਆਵਾਜਾਈ ਦੀ ਮੌਜੂਦਾ ਅਤੇ ਭਵਿੱਖਤ ਮੰਗ ਨੂੰ ਧਿਆਨ ‘ਚ ਰੱਖਦਿਆਂ ਆਵਾਜਾਈ ਦੇ ਚੱਲਣ ਅਤੇ ਸੁਰੱਖਿਆ ‘ਚ ਵਾਧਾ ਕਰਨਗੇ। ਇਸ ‘ਚ ਸ਼ਾਮਲ ਹੈ:

ਹਾਈਵੇਅ 99 ਦੇ ਵੈਸਟਮਿਨਸਟਰ ਹਾਈਵੇਅ, ਸਟੀਵਸਟਨ ਹਾਈਵੇਅ ਅਤੇ ਹਾਈਵੇਅ 17 ਏ ਵਾਲੇ ਇੰਟਰਚੇਂਜਾਂ ਨੂੰ ਉੱਚ-ਨਿਪੁੰਨਤਾ ਵਾਲੇ ਇੰਟਰਚੇਂਜਾਂ ਨਾਲ ਤਬਦੀਲ ਕਰਨਾਂ, ਜਿਹੜੇ ਸੜਕੀ ਏਰੀਏ ਨੂੰ ਘੱਟ ਤੋਂ ਘੱਟ ਕਰਨ।
ਰਿਵਰ ਰੋਡ ‘ਤੇ ਲੈਡਨਰ ਨੂੰ ਜਾਣ ਲਈ ਬਾਹਰ ਨਿਕਲਦਾ ਸਮਰਪਿਤ ਰੈਂਪ ਬਣਾਉਣਾ।
ਡੈਲਟਾ ‘ਚ ਹਾਈਵੇਅ 91 ਅਤੇ ਵੈਸਟਮਿਨਸਟਰ ਹਾਈਵੇਅ ਦਰਮਿਆਨ ਨਵੀਂਆਂ ਸੜਕੀ ਲੇਨਾਂ।
ਟ੍ਰਾਂਜ਼ਿਟ/ਐਚ ਓ ਵੀ ਸਮਰਪਿਤ ਲੇਨਾਂ ਅਤੇ ਵਧੀਕ ਸੜਕੀ ਲੇਨਾਂ ਕਾਊਂਟਰ-ਫਲੋ ਆਪਰੇਸ਼ਨ ਦੀ ਲੋੜ ਨੂੰ ਹਟਾ ਦੇਣਗੀਆਂ।
ਇਹ ਯਕੀਨੀ ਬਣਾਉਣ ਲਈ ਬੜੇ ਧਿਆਨ ਨਾਲ ਯੋਜਨਾਂਬੰਦੀ ਕੀਤੀ ਜਾਵੇਗੀ ਕਿ ਹਾਈਵੇਅ 99 ਨਿਰਮਾਣ ਕਾਰਜਾਂ ਦੌਰਾਨ ਵੀ ਮੌਜੂਦਾ ਆਵਾਜਾਈ ਦੀ ਮਾਤਰਾ ਅਤੇ ਪੈਟਰਨਾਂ, ਸਮੇਤ ਰਸ਼ ਵਾਲੇ ਸਮਿਆਂ ਦੌਰਾਨ ਕਾਊਂਟਰ-ਫਲੋ ਆਪਰੇਸ਼ਨ ਬਣਾਈ ਰੱਖਣ ਦੇ ਯੋਗ ਰਹੇਗਾ।

### ਮਾਲ ਅਤੇ ਸੇਵਾਵਾਂ ਦਾ ਨਿਪੁੰਨਤਾ ਸਹਿਤ ਚੱਲਣਾ

ਹਾਈਵੇਅ 99 ਮਾਲ ਅਤੇ ਸੇਵਾਵਾਂ ਵਾਸਤੇ ਇਕ ਪ੍ਰਮੁੱਖ ਗਲਿਆਰਾ ਹੈ ਜਿਹੜਾ ਕੈਨੇਡਾ-ਯੂ ਐੱਸ ਬਾਰਡਰ, ਵੈਨਕੂਵਰ ਇੰਟਰਨੈਸ਼ਨਲ ਏਅਰਪੋਰਟ, ਰੌਬਰਟਸ ਬੈਂਕ, ਬਾਊਂਡਰੀ ਬੇਅ ਏਅਰਪੋਰਟ, ਫਰੇਜ਼ਰ ਦਰਿਆ ਦੇ ਦੋਹਾਂ ਪਾਸਿਆਂ ਦੀਆਂ ਬੰਦਰਗਾਹਾਂ ਅਤੇ ਡੈਲਟਾ, ਰਿਚਮੰਡ, ਸਰੀ ਅਤੇ ਵੈਨਕੂਵਰ ਦੀਆਂ ਵਪਾਰਕ ਹੱਬਾਂ ਨਾਲ ਜੁੜਿਆ ਹੋਇਆ ਹੈ। ਜੌਰਜ ਮੈਸੀ ਸੁਰੰਗ ‘ਚੋਂ ਲੰਘਣ ਵਾਲੇ ਟਰੱਕਾਂ ਦੀ ਗਿਣਤੀ ਅਗਲੇ 30 ਸਾਲਾਂ ‘ਚ ਦੁੱਗਣੀ ਨਾਲੋਂ ਵੱਧ ਹੋ ਜਾਣ ਦਾ ਅਨੁਮਾਨ ਹੈ। ਇਨ੍ਹਾਂ ਦੀ ਆਵਾਜਾਈ ਲਈ ਪ੍ਰੋਜੈਕਟ ਦੀਆਂ ਵਿਸ਼ੇਸ਼ਤਾਵਾਂ ‘ਚ ਸ਼ਾਮਲ ਹੈ:

ਆਵਾਜਾਈ ਦੇ ਜਾਮ ਹਟਾਉਣੇ, ਜਿਸ ਨਾਲ ਹਰੇਕ ਸਾਲ ਅਹਿੱਲ ਸਟਾਰਟ ਗੱਡੀਆਂ ਦੇ ਇਕ ਮਿਲੀਅਨ ਤੋਂ ਵੱਧ ਘੰਟਿਆਂ ਲਈ ਅਹਿੱਲ ਰਹਿਣਾ ਹਟ ਜਾਵੇਗਾ।
ਭੀੜ/ਜਾਮ ਨੂੰ ਰਾਹਤ ਦੇਣ ਲਈ 200 ਲੇਨ-ਕਿਲੋਮੀਟਰ ਲੰਮਾਂ ਨਵਾਂ, ਸੁਧਰਿਆ ਹੋਇਆ, ਮੁੜ ਬਹਾਲ ਕੀਤਾ ਹਾਈਵੇਅ।
ਸਾਰੇ ਹਾਈਵੇਅ 99 ‘ਤੇ ਸੁਧਰੇ ਹੋਏ ਕੁਨੈਕਸ਼ਨ, ਜਿਨ੍ਹਾਂ ‘ਚ ਉੱਪਰੋਂ ਲੰਘਦੇ ਮੌਜੂਦਾ ਪੁਲਾਂ ਨੂੰ ਬਦਲਣਾ ਅਤੇ ਮੌਜੂਦਾ ਸਮੇਂ ਸੁਰੰਗ ਦੁਆਰਾ ਦੋ ਹਿੱਸਿਆਂ ‘ਚ ਵੰਡੇ ਗਏ ਏਰੀਏ, ਜਿਵੇਂ ਡੈਲਟਾ ‘ਚ ਰਿਵਰ ਰੋਡ, ਵਾਸਤੇ ਉੱਪਰ ਚੁੱਕਿਆ ਹਾਈਵੇਅ ਬਣਾਉਣਾ।
ਹਾਈਵੇਅ 99 ਅਤੇ ਇਸ ‘ਚ ਪੈਣ ਵਾਲੀਆਂ ਸੜਕਾਂ ਦੀ ਨਿਪੁੰਨਤਾ ਨੂੰ ਸੁਧਾਰਨ ਲਈ 14 ਉੱਪਰੋਂ ਲੰਘਦੇ ਨਵੇਂ ਪੁਲਾਂ ਅਤੇ ਰੈਂਪਾਂ ਦਾ ਨਿਰਮਾਣ।

**ਸੰਖਿਆਵਾਂ ਅਨੁਸਾਰ:**

ਇਸਦੇ ਅਨੋਖੇ ਸਥਾਨ, ਜਿਸਦੇ ਦੋਹੀਂ ਪਾਸੀ ਪੱਧਰੀ ਜ਼ਮੀਨ ਹੈ ਅਤੇ ਜੋ ਰੁਝੇਵੇਂ ਭਰੇ ਦਰਿਆਈ ਜਹਾਜ਼ਾਂ ਦੀ ਚੈਨਲ ਦੇ ਉੱਪਰੋਂ ਚੌੜਾ ਦਰਿਆਈ ਲਾਂਘਾ ਪਾਰ ਕਰਦਾ ਹੈ ਅਤੇ ਜਿਸ ਨੂੰ ਭਾਰੀ ਆਵਾਜਾਈ ਨਾਲ ਨਿਪਟਣ ਦੀ ਲੋੜ ਹੈ, ਇਹ ਨਵਾਂ ਪੁਲ ਉੱਤਰੀ ਅਮਰੀਕਾ ‘ਚ ਕੇਬਲ-ਆਧਾਰਿਤ ਸਭ ਤੋਂ ਲੰਮਾਂ ਅਤੇ ਸਭ ਤੋਂ ਚੌੜੇ ਪੁਲਾਂ ‘ਚੋਂ ਇਕ ਹੋਵੇਗਾ। ਤਕਰੀਬਨ ਤਿੰਨ ਕਿਲੋਮੀਟਰ ਲੰਮਾਂ ਇਹ ਪੁਲ ਪੋਰਟਮਾਨ ਪੁਲ ਨਾਲੋਂ 65% ਲੰਮੇਰਾ ਅਤੇ ਐਲੈਕਸ ਫਰੇਜ਼ਰ ਪੁਲ ਨਾਲੋਂ 32% ਲੰਮੇਰਾ ਹੋਵੇਗਾ।

ਪ੍ਰੋਜੈਕਟ ਤੋਂ 9,000 ਦੇ ਨੇੜੇ ਤੇੜੇ ਨੌਕਰੀਆਂ ਪੈਦਾ ਹੋਣ ਦੀ ਆਸ ਹੈ ਅਤੇ ਇਸ ਲਈ ਚਾਹੀਦਾ ਹੈ:

40,000 ਟਰੱਕ ਕੰਕਰੀਟ
80,000 ਟੰਨ ਸਟੀਲ
66 ਕਿਲੋਮੀਟਰ ਪਾਈਲ ਫਾਊਂਡੇਸ਼ਨ
185,000 ਟੰਨ ਐਸਫਾਲਟ
300,000 ਟੰਨ ਬੱਜਰੀ

**ਮੀਡੀਆ ਸੰਪਰਕ:**
ਮੀਡੀਆ ਰਿਲੇਸ਼ਨਜ਼
ਗਵਰਨਮੈਂਟ ਕਮਿਊਨੀਕੇਸ਼ਨਜ਼ ਐਂਡ ਪਬਲਿਕ ਇੰਗੇਜਮੈਂਟ
ਮਿਨਿਸਟਰੀ ਆਫ ਟ੍ਰਾਂਸਪੋਰਟੇਸ਼ਨ ਐਂਡ ਇੰਨਫਰਾਸਟਰੱਕਚਰ
250 356-8241